# ਤੱਥ ਪੱਤਰ

## ਸਪਾਉਜ਼ਲ ਸਪੋਰਟ

## (ਤਲਾਕ/ਵੱਖ ਹੋਣ ਬਾਅਦ ਪਤੀ/ਪਤਨੀ ਵੱਲੋਂ ਵਿੱਤੀ ਸਹਾਇਤਾ)

ਇਹ ਤੱਥ ਪੱਤਰ *ਤਲਾਕ ਅਧਿਨਿਯਮ* ਦੇ ਤਹਿਤ ਵਿਵਾਹਿਕ ਸਹਾਇਤਾ ਬਾਰੇ ਆਮ ਜਾਣਕਾਰੀ ਪ੍ਰਦਾਨ ਕਰਦਾ ਹੈ।

*ਤਲਾਕ ਅਧਿਨਿਯਮ* ਉਨ੍ਹਾਂ ਵਿਵਾਹਿਕ ਜੋੜਿਆਂ ਤੇ ਲਾਗੂ ਹੁੰਦਾ ਹੈ ਜਿਨ੍ਹਾਂ ਦਾ ਤਲਾਕ ਹੋ ਰਿਹਾ ਹੈ। ਸੂਬਾਈ ਜਾਂ ਖੇਤਰੀ ਕਨੂੰਨ ਉਨ੍ਹਾਂ ਕੁਆਰੇ ਜਾਂ ਕੋਮਨ-ਲਾ ਜੋੜਿਆਂ ਤੇ ਲਾਗੂ ਹੁੰਦੇ ਹਨ ਜੋ ਵੱਖ ਹੋ ਰਹੇ ਹਨ ਅਤੇ ਉਨ੍ਹਾਂ ਵਿਵਾਹਿਕ ਜੋੜਿਆਂ ਤੇ ਲਾਗੂ ਹੁੰਦੇ ਹਨ ਜੋ ਵੱਖ ਹੋ ਰਹੇ ਹਨ ਪਰ ਤਲਾਕ ਨਹੀਂ ਲੈ ਰਹੇ ਹਨ।

**ਤਲਾਕ/ਵੱਖ ਹੋਣ ਬਾਅਦ ਪਤੀ/ਪਤਨੀ ਵੱਲੋਂ ਦਿੱਤੀ ਜਾਂਦੀ ਆਰਥਿਕ ਸਹਾਇਤਾ (ਸਪਾਉਜ਼ਲ ਸਪੋਰਟ) ਕੀ ਹੈ?**

"ਸਪਾਉਜ਼ਲ ਸਪੋਰਟ" ਉਹ ਪੈਸਾ ਹੈ ਜੋ ਪਤੀ-ਪਤਨੀ ਵਿਚੋਂ ਇੱਕ ਦੁਆਰਾ ਦੂਜੇ ਨੂੰ ਵੱਖ ਹੋਣ ਜਾਂ ਤਲਾਕ ਹੋਣ ਤੋਂ ਬਾਅਦ ਆਰਥਿਕ ਸਹਾਇਤਾ ਲਈ ਦੇਣਾ ਪੈ ਸਕਦਾ ਹੈ। ਇਸਨੂੰ ਕਈ ਵਾਰ "ਗੁਜ਼ਾਰਾ-ਭੱਤਾ" ਜਾਂ "ਨਿਰਵਾਹ-ਖਰਚ" ਵੀ ਕਿਹਾ ਜਾਂਦਾ ਹੈ। ਸਪਾਉਜ਼ਲ ਸਪੋਰਟ ਆਮ ਤੌਰ ਤੇ ਮਾਸਿਕ ਆਧਾਰ ਤੇ ਦਿੱਤੀ ਜਾਂਦੀ ਹੈ, ਪਰ ਇਹ ਇੱਕੋ ਵਾਰੀ ਉੱਕੀ-ਪੁੱਕੀ ਰਕਮ ਵਜੋਂ ਵੀ ਦਿੱਤੀ ਜਾ ਸਕਦੀ ਹੈ।

**ਪਤੀ ਲਈ ਪਤਨੀ ਨੂੰ ਜਾਂ ਪਤਨੀ ਲਈ ਪਤੀ ਨੂੰ ਸਪਾਉਜ਼ਲ ਸਪੋਰਟ ਦੇਣੀ ਕਿਉਂ ਜਰੂਰੀ ਹੋ ਸਕਦੀ ਹੈ?**

ਪਤੀ ਲਈ ਪਤਨੀ ਨੂੰ ਜਾਂ ਪਤਨੀ ਲਈ ਪਤੀ ਨੂੰ ਸਪਾਉਜ਼ਲ ਸਪੋਰਟ ਦੇਣੀ ਜ਼ਰੂਰੀ ਹੋ ਸਕਦੀ ਹੈ ਜੇ ਇਹ ਭੁਗਤਾਨ *ਤਲਾਕ ਅਧਿਨਿਯਮ* ਵਿੱਚ ਨਿਰਧਾਰਿਤ ਕੀਤੇ ਸਪਾਉਜ਼ਲ ਸਪੋਰਟ ਦੇ ਇੱਕ ਜਾਂ ਵੱਧ ਮੁੱਖ ਉਦੇਸ਼ਾਂ ਨੂੰ ਪੂਰਾ ਕਰਦਾ ਹੋਵੇ। ਓਹ ਇਸ ਪ੍ਰਕਾਰ ਹਨ:

- ਉਸ ਪਤੀ/ਪਤਨੀ ਦੀ ਭਰਪਾਈ ਕਰਨਾ ਜੋ ਵਿਆਹ ਦੇ ਦੌਰਾਨ ਪੈਸਾ ਕਮਾਉਣ ਦੀ ਆਪਣੀ ਯੋਗਤਾ ਦਾ ਤਿਆਗ ਕਰਦਾ/ਕਰਦੀ ਹੈ;
- ਕਿਸੇ ਵੀ ਬਾਲ ਸਹਾਇਤਾ ਦੀ ਜਿੰਮੇਵਾਰੀ ਤੋਂ ਇਲਾਵਾ, ਬੱਚਿਆਂ ਦੀ ਮੌਜੂਦਾ ਦੇਖਭਾਲ ਲਈ ਪਤੀ/ਪਤਨੀ ਦੀ ਭਰਪਾਈ ਕਰਨਾ; ਜਾਂ,
- ਵਿਆਹ ਟੁੱਟਣ ਦੇ ਕਾਰਨ ਪੈਦਾ ਹੋਈ ਆਰਥਿਕ ਤੰਗੀ ਵਿੱਚ ਪਤੀ/ਪਤਨੀ ਦੀ ਸਹਾਇਤਾ ਕਰਨਾ।

ਇਸਦੇ ਨਾਲ ਹੀ, ਸਹਾਇਤਾ ਪ੍ਰਾਪਤ ਕਰਨ ਵਾਲੇ ਪਤੀ/ਪਤਨੀ ਦੀ ਜਿੰਮੇਵਾਰੀ ਹੁੰਦੀ ਹੈ ਕਿ ਉਹ ਜਿੱਥੋਂ ਤਕ ਵਾਜਬ ਹੋ ਸਕੇ, ਆਤਮ-ਨਿਰਭਰ ਬਣੇ।

**ਸਪਾਉਜ਼ਲ ਸਪੋਰਟ ਕੌਣ ਮੰਗ ਸਕਦਾ ਹੈ?**

ਜਦੋਂ ਕਿਸੇ ਵਿਆਹੁਤਾ ਜੋੜੇ ਦਾ ਤਲਾਕ ਹੋ ਜਾਂਦਾ ਹੈ, ਤਾਂ ਪਤੀ ਜਾਂ ਪਤਨੀ ਵਿੱਚੋਂ ਕੋਈ ਵੀ *ਤਲਾਕ ਅਧਿਨਿਯਮ* ਦੇ ਤਹਿਤ ਸਪਾਉਜ਼ਲ ਸਪੋਰਟ ਮੰਗ ਸਕਦਾ ਹੈ। ਜ਼ਿਆਦਾਤਰ ਮਾਮਲਿਆਂ ਵਿੱਚ, ਸਪਾਉਜ਼ਲ ਸਪੋਰਟ ਦੋਹਾਂ ਵਿੱਚੋਂ ਉਸ ਦੁਆਰਾ ਮੰਗੀ ਜਾਂਦੀ ਹੈ ਜਿਸਦੀ ਆਮਦਨੀ ਘੱਟ ਹੁੰਦੀ ਹੈ। ਹਰੇਕ ਮਾਮਲੇ ਵਿੱਚ, ਜੱਜ ਲਾਜ਼ਮੀ ਤੌਰ ਤੇ ਇਹ ਪਤਾ ਲਗਾਉਣ ਲਈ ਕਈ ਕਾਰਨਾਂ ਤੇ ਵਿਚਾਰ ਕਰਦਾ ਹੈ ਕਿ ਸਪਾਉਜ਼ਲ ਸਪੋਰਟ ਦਾ ਭੁਗਤਾਨ ਕੀਤਾ ਜਾਣਾ ਚਾਹੀਦਾ ਹੈ ਜਾਂ ਨਹੀਂ, ਜਿਸ ਵਿੱਚ ਨਿਮਨਲਿਖਤ ਕਾਰਨ ਸ਼ਾਮਲ ਹਨ:

- ਪਤੀ ਅਤੇ ਪਤਨੀ ਦੋਹਾਂ ਦੇ ਵਿੱਤੀ ਸਾਧਨ, ਲੋੜਾਂ ਅਤੇ ਹਾਲਾਤ;

- ਸਮਾਂ-ਮਿਆਦ ਜਿਸ ਦੌਰਾਨ ਪਤੀ ਅਤੇ ਪਤਨੀ ਇਕੱਠੇ ਰਹੇ ਹਨ;
- ਆਪਣੇ ਵਿਆਹ ਦੇ ਦੌਰਾਨ ਪਤੀ ਅਤੇ ਪਤਨੀ ਦੋਹਾਂ ਦੀਆਂ ਭੂਮਿਕਾਵਾਂ;
- ਇਨ੍ਹਾਂ ਭੂਮਿਕਾਵਾਂ ਦਾ ਅਤੇ ਵਿਆਹ ਦੇ ਟੁੱਟਣ ਦਾ ਪਤੀ ਅਤੇ ਪਤਨੀ ਦੋਹਾਂ ਦੀਆਂ ਵਰਤਮਾਨ ਵਿੱਤੀ ਸਥਿਤੀਆਂ ਤੇ ਪੈਣ ਵਾਲਾ ਪ੍ਰਭਾਵ;
- ਬੱਚਿਆਂ ਦੀ ਦੇਖਭਾਲ ਲਈ ਮੌਜੂਦਾ ਜ਼ਿੰਮੇਵਾਰੀਆਂ, ਜੇ ਕੋਈ ਹਨ;
- ਸਪਾਉਜ਼ਲ ਸਪੋਰਟ ਦੇ ਸਬੰਧ ਵਿੱਚ ਪਹਿਲਾਂ ਦਿੱਤੇ ਜਾ ਚੁੱਕੇ ਕੋਈ ਵੀ ਪਿਛਲੇ ਆਦੇਸ਼, ਇਕਰਾਰਨਾਮੇ ਜਾਂ ਪ੍ਰਬੰਧ

**ਸਪਾਉਜ਼ਲ ਸਪੋਰਟ ਦਾ ਹਿਸਾਬ ਕਿਵੇਂ ਲਗਾਇਆ ਜਾਂਦਾ ਹੈ?**

ਸਪਾਉਜ਼ਲ ਸਪੋਰਟ ਦਾ ਹਿਸਾਬ ਲਗਾਉਣਾ, ਪਰਿਵਾਰਕ ਕਨੂੰਨ ਦੇ ਸਭ ਤੋਂ ਗੁੰਝਲਦਾਰ ਕੰਮਾਂ ਵਿੱਚੋਂ ਇੱਕ ਹੈ। ਹਰ ਪਾਸਿਓਂ ਜਾਇਜ਼ ਅਤੇ ਉਚਿਤ ਰਕਮ ਨੂੰ ਨਿਰਧਾਰਿਤ ਕਰਨ ਲਈ ਕਈ ਕਾਰਨਾਂ ਨੂੰ ਵਿਚਾਰੇ ਜਾਣ ਦੀ ਲੋੜ ਹੁੰਦੀ ਹੈ। ਕਨੇਡਾ ਦੀਆਂ ਜ਼ਿਆਦਾਤਰ ਅਦਾਲਤਾਂ ਅਤੇ ਪਰਿਵਾਰਕ ਕਨੂੰਨ ਦੇ ਪੇਸ਼ੇਵਰ, ਸਪਾਉਜ਼ਲ ਸਪੋਰਟ ਦਾ ਹਿਸਾਬ ਲਗਾਉਣ ਸਮੇਂ *ਸਪਾਉਜ਼ਲ ਸਪੋਰਟ ਸਬੰਧੀ ਸਲਾਹਕਾਰੀ ਦਿਸ਼ਾ-ਨਿਰਦੇਸ਼* (Spousal Support Advisory Guidelines) ਦਾ ਇਸਤੇਮਾਲ ਕਰਦੇ ਹਨ। *ਸੰਘੀ ਚਾਈਲਡ ਸਪੋਰਟ ਦਿਸ਼ਾ-ਨਿਰਦੇਸ਼ (Federal Child Support Guidelines)* ਦੇ ਉਲਟ, *ਸਪਾਉਜ਼ਲ ਸਪੋਰਟ ਸਬੰਧੀ ਸਲਾਹਕਾਰੀ ਦਿਸ਼ਾ-ਨਿਰਦੇਸ਼* (Spousal Support Advisory Guidelines) ਕੋਈ ਕਨੂੰਨ ਨਹੀਂ ਹਨ। ਇਹ ਸਪਾਉਜ਼ਲ ਸਪੋਰਟ ਦੀਆਂ ਉਚਿਤ ਰਕਮਾਂ ਦਾ ਹਿਸਾਬ ਲਗਾਉਣ ਵਿੱਚ ਮਦਦ ਕਰਦੇ ਹਨ, ਭਾਵੇਂ ਇਹ ਅਦਾਲਤੀ ਆਦੇਸ਼ ਹੋਵੇ ਜਾਂ ਅਦਾਲਤ ਤੋਂ ਬਾਹਰ ਦੇ ਨਿਪਟਾਰਿਆਂ ਅਤੇ ਇਕਰਾਰਨਾਮਿਆਂ ਲਈ ਹੋਵੇ।

**ਕੀ ਮੈਂ ਖੁਦ ਸਪਾਉਜ਼ਲ ਸਪੋਰਟ ਦੀ ਰਕਮ ਦੀ ਹਿਸਾਬ ਲਗਾਉਣ ਲਈ *ਸਪਾਉਜ਼ਲ ਸਪੋਰਟ ਸਬੰਧੀ ਸਲਾਹਕਾਰੀ ਦਿਸ਼ਾ-ਨਿਰਦੇਸ਼ਾਂ* ਦਾ ਇਸਤੇਮਾਲ ਕਰ ਸਕਦਾ/ਦੀ ਹਾਂ?**

*ਸਪਾਉਜ਼ਲ ਸਪੋਰਟ ਸਬੰਧੀ ਸਲਾਹਕਾਰੀ ਦਿਸ਼ਾ-ਨਿਰਦੇਸ਼* ਸਲਾਹ-ਮਸ਼ਵਰਾ ਲੈਣ ਵਾਸਤੇ ਹਰ ਕਿਸੇ ਲਈ ਉਪਲਬਧ ਹਨ। ਪਰ, ਜਿਵੇਂ ਕਿ ਸਪਾਉਜ਼ਲ ਸਪੋਰਟ ਦੀ ਰਕਮ ਦਾ ਹਿਸਾਬ ਲਗਾਉਣਾ ਬਹੁਤ ਗੁੰਝਲਦਾਰ ਹੈ, ਇਸ ਲਈ ਕਿਸੇ ਪਰਿਵਾਰਕ ਕਾਨੂੰਨ ਦੇ ਪੇਸ਼ੇਵਰ ਨਾਲ ਮਸ਼ਵਰਾ ਕਰਨਾ ਬਹੁਤ ਜ਼ਰੂਰੀ ਹੈ।

**ਸਪਾਉਜ਼ਲ ਸਪੋਰਟ ਉੱਤੇ ਕਰ (ਟੈਕਸ) ਦੇ ਨਿਯਮ ਕਿਵੇਂ ਲਾਗੂ ਹੁੰਦੇ ਹਨ?**

ਕੈਨੇਡਾ ਰੈਵੇਨਿਊ ਏਜੰਸੀ (Canada Revenue Agency) ਦੇ ਕੋਲ ਇਹ ਨਿਰਧਾਰਿਤ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ ਜਾਣਕਾਰੀ ਹੁੰਦੀ ਹੈ ਕਿ ਕੀ ਤੁਹਾਡੇ ਦੁਆਰਾ ਅਦਾ ਜਾਂ ਪ੍ਰਾਪਤ ਕੀਤੇ ਜਾਣ ਵਾਲੇ ਸਹਾਇਤਾ ਭੁਗਤਾਨ, ਤੁਹਾਡੇ ਇਨਕਮ ਟੈਕਸ ਰਿਟਰਨ ਤੇ ਤੁਹਾਡੀ ਆਮਦਨੀ ਵਿੱਚ ਕਿਵੇਂ ਸ਼ਾਮਲ ਕੀਤੇ ਜਾਣੇ ਚਾਹੀਦੇ ਹਨ ਜਾਂ ਘਟਾਏ ਜਾਣੇ ਚਾਹੀਦੇ ਹਨ।

**ਕੀ ਮੇਰੇ ਲਈ ਚਾਈਲਡ ਸਪੋਰਟ ਅਤੇ ਸਪਾਉਜ਼ਲ ਸਪੋਰਟ ਦੋਵਾਂ ਦਾ ਇੱਕੋ ਹੀ ਸਮੇਂ ਤੇ ਭੁਗਤਾਨ ਕਰਨਾ ਜ਼ਰੂਰੀ ਹੈ?**

ਕਈ ਮਾਮਲਿਆਂ ਵਿੱਚ, ਲੋਕ ਚਾਈਲਡ ਅਤੇ ਸਪਾਉਜ਼ਲ ਸਪੋਰਟ ਦੋਵਾਂ ਦਾ ਇੱਕੋ ਹੀ ਸਮੇਂ ਤੇ ਭੁਗਤਾਨ ਕਰਦੇ ਹਨ। ਪਰ, *ਤਲਾਕ ਅਧਿਨਿਯਮ* ਦੇ ਮੁਤਾਬਕ ਚਾਈਲਡ ਸਪੋਰਟ ਦੇ ਭੁਗਤਾਨ ਨੂੰ ਪਹਿਲ ਦਿੱਤੀ ਜਾਂਦੀ ਹੈ। ਇਸਦਾ ਮਤਲਬ ਹੈ ਕਿ ਜੇਕਰ ਕਿਸੇ ਵਿਅਕਤੀ ਕੋਲ ਚਾਈਲਡ ਅਤੇ ਸਪਾਉਜ਼ਲ ਸਪੋਰਟ ਦੋਹਾਂ ਦੇ ਭੁਗਤਾਨ ਵਾਸਤੇ ਲੋੜੀਂਦੇ ਪੈਸੇ ਨਹੀਂ ਹਨ, ਤਾਂ ਮਿਲਣ ਵਾਲੇ ਪੈਸੇ ਦਾ ਭੁਗਤਾਨ ਪਹਿਲਾਂ ਚਾਈਲਡ ਸਪੋਰਟ ਲਈ ਕੀਤਾ ਜਾਂਦਾ ਹੈ।

**ਸਪਾਉਜ਼ਲ ਸਪੋਰਟ ਦਾ ਭੁਗਤਾਨ ਕਦੋਂ ਤਕ ਕੀਤਾ ਜਾਏਗਾ?**

ਇਸ ਸਹਾਇਤਾ ਦੀ ਮਿਆਦ ਮਾਮਲੇ ਦੀਆਂ ਸੱਚਾਈਆਂ ਦੇ ਆਧਾਰ ਤੇ ਤੈਅ ਹੋਏਗੀ, ਜਿਵੇਂ ਕਿ ਪਤੀ-ਪਤਨੀ ਕਿੰਨੀ ਦੇਰ ਤਕ ਇਕੱਠੇ ਰਹੇ, ਜਾਂ ਵੱਖ ਹੋਣ ਦੇ ਸਮੇਂ ਤੇ ਉਨ੍ਹਾਂ ਦੀ ਉਮਰ ਕਿੰਨੀ ਸੀ। ਕੁਝ ਮਾਮਲਿਆਂ ਵਿੱਚ, ਸਪਾਉਜ਼ਲ ਸਪੋਰਟ ਸਿਰਫ ਸੀਮਿਤ ਸਮਾਂ-ਮਿਆਦ ਲਈ ਹੀ ਦਿੱਤੀ ਜਾਂਦੀ ਹੈ। ਹੋਰ ਮਾਮਲਿਆਂ ਵਿੱਚ, ਸਪਾਉਜ਼ਲ ਸਪੋਰਟ ਉਦੋਂ ਤਕ ਦਿੱਤੀ ਜਾਂਦੀ ਹੈ ਜਦੋਂ ਤਕ ਹਾਲਾਤ ਬਦਲ ਨਹੀਂ ਜਾਂਦੇ ਅਤੇ ਅਦਾਲਤ ਕੋਈ ਦੂਜਾ ਆਦੇਸ਼ ਨਹੀਂ ਦਿੰਦੀ ਜਾਂ ਇਕਰਾਰਨਾਮੇ ਨੂੰ ਉਸ ਬਦਲਾਵ ਮੁਤਾਬਕ ਅੱਪਡੇਟ ਨਹੀਂ ਕੀਤਾ ਜਾਂਦਾ।

**ਮੈਂ ਸਪਾਉਜ਼ਲ ਸਪੋਰਟ ਦੇਣਾ ਕਦੋਂ ਬੰਦ ਕਰ ਸਕਦਾ/ਦੀ ਹਾਂ?**

ਜੇ ਤੁਸੀਂ ਸਪਾਉਜ਼ਲ ਸਪੋਰਟ ਦਾ ਭੁਗਤਾਨ ਲਿਖਤੀ ਇਕਰਾਰਨਾਮੇ ਜਾਂ ਅਦਾਲਤੀ ਆਦੇਸ਼ ਵਿੱਚ ਨਿਰਧਾਰਿਤ ਕੀਤੇ ਮੁਤਾਬਕ ਕਰ ਰਹੇ ਹੋ, ਤਾਂ ਤੁਹਾਨੂੰ ਲਾਜ਼ਮੀ ਤੌਰ ਤੇ ਉਦੋਂ ਤਕ ਇਸ ਭੁਗਤਾਨ ਨੂੰ ਜਾਰੀ ਰੱਖਣਾ ਚਾਹੀਦਾ ਹੈ ਜਦੋਂ ਤਕ:

- ਇਸ ਆਦੇਸ਼ ਨੂੰ ਅਦਾਲਤ ਦੁਆਰਾ ਬਦਲਿਆ ਨਹੀਂ ਜਾਂਦਾ;
- ਤੁਸੀਂ ਅਤੇ ਤੁਹਾਡਾ ਪੂਰਵ-ਪਤੀ ਜਾਂ ਪਤਨੀ ਤੁਹਾਡੇ ਇਕਰਾਰਨਾਮੇ ਨੂੰ ਬਦਲਣ ਲਈ ਹਾਮੀ ਨਹੀਂ ਭਰਦਾ/ਦੀ; ਜਾਂ
- ਆਦੇਸ਼ ਜਾਂ ਇਕਰਾਰਨਾਮੇ ਵਿੱਚ ਦਿੱਤੀਆਂ ਗਈਆਂ, ਭੁਗਤਾਨ ਬੰਦ ਕਰਨ ਦੀਆਂ ਸ਼ਰਤਾਂ ਨੂੰ ਪੂਰਾ ਨਹੀਂ ਕੀਤਾ ਜਾਂਦਾ।

ਅਦਾਲਤ ਸਪਾਉਜ਼ਲ ਸਪੋਰਟ ਦੇ ਆਦੇਸ਼ ਵਿੱਚ ਸਿਰਫ ਉਦੋਂ ਹੀ ਬਦਲਾਵ ਕਰ ਸਕਦੀ ਹੈ ਜਦੋਂ ਇਸਨੂੰ ਪਤੀ ਜਾਂ ਪਤਨੀ, ਦੋਹਾਂ ਵਿੱਚੋਂ ਇੱਕ ਦੇ ਹਾਲਾਤਾਂ ਵਿੱਚ ਕਿਸੇ ਮਹੱਤਵਪੂਰਨ ਬਦਲਾਵ ਦੁਆਰਾ ਜਾਇਜ਼ ਮੰਨਿਆ ਜਾਂਦਾ ਹੈ। ਮਿਸਾਲ ਦੇ ਤੌਰ ਤੇ, ਜੇ ਸਪੋਰਟ ਆਦੇਸ਼ ਦਿੱਤੇ ਜਾਣ ਤੋਂ ਬਾਅਦ ਸਹਾਇਤਾ ਦੇਣ ਵਾਲੇ ਸ਼ਖ਼ਸ ਦੀ ਨੌਕਰੀ ਚਲੀ ਜਾਂਦੀ ਹੈ ਅਤੇ ਉਹ ਹੁਣ ਆਦੇਸ਼ ਦੁਆਰਾ ਨਿਰਧਾਰਿਤ ਰਕਮ ਦਾ ਭੁਗਤਾਨ ਨਹੀਂ ਕਰ ਸਕਦਾ/ਦੀ, ਤਾਂ ਫਿਰ ਅਦਾਲਤ ਇਹ ਫੈਸਲਾ ਲੈ ਸਕਦੀ ਹੈ ਕਿ ਸੋਪਰਟ ਆਦੇਸ਼ ਬਦਲਿਆ ਜਾਣਾ ਚਾਹੀਦਾ ਹੈ।

ਜੇ ਤੁਹਾਡੇ ਅਤੇ ਤੁਹਾਡੇ ਪੂਰਵ ਪਤੀ ਜਾਂ ਪਤਨੀ ਕੋਲ ਸਪਾਉਜ਼ਲ ਸਪੋਰਟ ਦਾ ਇਕਰਾਰਨਾਮਾ ਹੈ, ਅਤੇ ਤੁਹਾਡੇ ਦੋਹਾਂ ਵਿੱਚੋਂ ਕਿਸੇ ਦੇ ਵੀ ਹਾਲਾਤ ਵਿੱਚ ਬਦਲਾਵ ਆਉਂਦਾ ਹੈ, ਤਾਂ ਤੁਸੀਂ ਆਪਣੀ ਨਵੀਂ ਸਥਿਤੀ ਨੂੰ ਦਰਸਾਉਂਦੇ ਹੋਏ ਆਪਣਾ ਇਕਰਾਰਨਾਮਾ ਬਦਲ ਸਕਦੇ ਹੋ। ਪਰ, ਇਸ ਤੋਂ ਪਹਿਲਾਂ ਕਿ ਉਹ ਬਦਲਿਆ ਗਿਆ ਇਕਰਾਰਨਾਮਾ ਲਾਗੂ ਕੀਤਾ ਜਾਵੇ, ਤੁਹਾਡੇ ਅਤੇ ਤੁਹਾਡੇ ਪੂਰਵ ਪਤੀ ਜਾਂ ਪਤਨੀ ਲਈ ਤੁਹਾਡੇ ਇਕਰਾਰਨਾਮੇ ਵਿੱਚ ਕਿਸੇ ਵੀ ਪ੍ਰਸਤਾਵਿਤ ਤਬਦੀਲੀਆਂ ਲਈ ਰਜ਼ਾਮੰਦੀ ਦੇਣੀ ਜ਼ਰੂਰੀ ਹੋਏਗੀ।

ਜੇ ਤੁਹਾਡੇ ਆਦੇਸ਼ ਜਾਂ ਇਕਰਾਰਨਾਮੇ ਵਿੱਚ ਸਾਫ ਤੌਰ ਤੇ ਦੱਸਿਆ ਗਿਆ ਹੈ ਕਿ ਸਪਾਉਜ਼ਲ ਸਪੋਰਟ ਕਿਸੇ ਵਿਸ਼ੇਸ਼ ਤਾਰੀਖ ਤੇ ਖਤਮ ਹੋਣੀ ਹੈ ਜਾਂ ਕਿਸੇ ਖਾਸ ਘਟਨਾ ਦੇ ਵਾਪਰਨ ਤੇ ਖਤਮ ਹੋਣੀ ਹੈ, ਤਾਂ ਸਪੋਰਟ ਸਬੰਧੀ ਭੁਗਤਾਨ ਉਸ ਸਮੇਂ ਬੰਦ ਹੋ ਸਕਦਾ ਹੈ। ਮਿਸਾਲ ਦੇ ਤੌਰ ਤੇ, ਜੇ ਤੁਹਾਡੇ ਆਦੇਸ਼ ਜਾਂ ਇਕਰਾਰਨਾਮੇ ਵਿੱਚ ਦੱਸਿਆ ਗਿਆ ਹੈ ਕਿ ਸਪਾਉਜ਼ਲ ਸਪੋਰਟ 1 ਦਿਸੰਬਰ, 2020 ਨੂੰ ਖਤਮ ਹੋ ਜਾਏਗੀ, ਤਾਂ ਤੁਹਾਡੀ ਸਪਾਉਜ਼ਲ ਸਪੋਰਟ ਦੀ ਜ਼ਿੰਮੇਵਾਰੀ ਉਸ ਤਾਰੀਖ ਤੇ ਖਤਮ ਹੋ ਜਾਏਗੀ।

***ਜਸਟਿਸ ਕੈਨੇਡਾ (Justice Canada) ਵੱਲੋਂ ਉਪਲਬਧ ਤਲਾਕ ਅਤੇ ਵੱਖ ਹੋਣ ਬਾਰੇ ਮੁਫ਼ਤ ਜਾਣਕਾਰੀ ਲੈਣ ਲਈ ਇਹ ਛੋਟਾ ਵੀਡਿਓ ਦੇਖੋ, ਜਾਂ ਸਾਡੀ ਵੈਬਸਾਈਟ ਤੇ ਜਾਓ:***

## ***Canada.ca/family-law***

**ਅਸਵੀਕਰਨ:** ਇਹ ਕੋਈ ਕਨੂੰਨੀ ਲੇਖ ਨਹੀਂ ਹੈ ਅਤੇ ਕਨੂੰਨੀ ਸਲਾਹ ਪ੍ਰਦਾਨ ਨਹੀਂ ਕਰਦਾ। ਪਰਿਵਾਰਕ ਕਨੂੰਨ ਗੁੰਝਲਦਾਰ ਹੋ ਸਕਦਾ ਹੈ, ਇਸ ਲਈ ਕਿਸੇ ਪਰਿਵਾਰਕ ਕਨੂੰਨ ਦੇ ਵਕੀਲ ਤੋਂ ਆਪਣੀ ਸਥਿਤੀ ਬਾਰੇ ਸਲਾਹ ਲੈਣਾ ਵਿਅਕਤੀਆਂ ਲਈ ਆਮ ਤੌਰ ਤੇ ਸਭ ਤੋਂ ਵਧੀਆ ਰਹਿੰਦਾ ਹੈ। ਇਹ ਵਕੀਲ, ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਬਾਰੇ ਕਨੂੰਨੀ ਸਲਾਹ ਦੇਣ ਵਿੱਚ ਕਾਫੀ ਮਾਹਰ ਅਤੇ ਤਜ਼ਰਬੇਕਾਰ ਹੁੰਦੇ ਹਨ। ਜ਼ਿਆਦਾਤਰ ਸੂਬਾਈ ਅਤੇ ਖੇਤਰੀ ਬਾਰ ਸੰਸਥਾਵਾਂ ਵਕੀਲ ਹਵਾਲਾ ਸੇਵਾਵਾਂ ਪ੍ਰਦਾਨ ਕਰਦੀਆਂ ਹਨ। ਕੁਝ ਵਕੀਲ ਸ਼ੁਰੂਆਤੀ ਮਸ਼ਵਰਾ ਮੁਫ਼ਤ ਜਾਂ ਘੱਟ ਕੀਮਤ ਤੇ ਦੇ ਸਕਦੇ ਹਨ, ਜਾਂ ਵਿਅਕਤੀ ਆਪਣੀ ਖਾਸ ਸਥਿਤੀ ਦੇ ਸਿਰਫ ਕੁਝ ਖਾਸ ਪਹਿਲੂਆਂ ਵਿੱਚ ਹੀ ਮਦਦ ਲੈਣ ਲਈ ਵਕੀਲ ਨਾਲ ਸਲਾਹ-ਮਸ਼ਵਰਾ ਕਰਨ ਦਾ ਫੈਸਲਾ ਕਰ ਸਕਦੇ ਹਨ।